# ਨਿਰਦੇਸ਼ਾਲਾ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ

## ਦਫਤਰ ਵਿੱਚ ਬਿਨੈਪੱਤਰਾਂ ਦੀ ਪ੍ਰਾਪਤ ਕਰਨ ਦੀ ਅੰਤਿਮ ਮਿਤੀ 09/11/2015

ਇਹ ਅਰਜ਼ੀਆਂ ਠੇਕਾ ਅਧਾਰਿਤ 'ਤੇ ਇੱਥੇ ਅਖੀਰ ਵਿੱਚ ਗਏ ਨਿਰਧਾਰਤ ਫਾਰਮ 'ਤੇ ਸਖ਼ਤੀ ਦੇ ਨਾਲ ਇੰਟੀਗਰੇਟਿਡ ਚਾਈਲਡ ਪ੍ਰੋਟੈਕਸ਼ਨ ਸਕੀਮ ਦੇ ਅਧੀਨ ਪੰਜਾਬ ਰਾਜ ਵਿੱਚ ਅੰਮ੍ਰਿਤਸਰ ਵਿਖੇ ਸਥਾਪਿਤ ਹੋਏ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਲਈ ਹੇਠ ਵਰਨਣ ਅਸਾਮੀਆਂ ਵਾਸਤੇ ਉਮੀਦਵਾਰਾਂ ਤੋਂ ਰਜਿਸਟਰਡ ਡਾਕ ਰਾਹੀਂ ਬਿਨੈਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਉਮੀਦਵਾਰ ਲਿਫਾਫੇ ਉੱਪਰ ਜਿਸ ਅਸਾਮੀ ਲਈ ਅਰਜ਼ੀ ਦਿੱਤੀ ਹੈ ਉਸ ਦਾ ਨਾਂਅ ਅਤੇ ਵਰਗ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਨ:-

| ਲੜੀ ਨੰ: | ਅਸਾਮੀ ਦਾ ਨਾਂਅ | ਪ੍ਰਤੀ ਮਹੀਨਾ ਭੱਤਾ | ਕੁੱਲ ਅਸਾਮੀਆਂ | ਜ਼ਰੂਰੀ ਵਿੱਦਿਅਕ ਯੋਗਤਾ |
|---|---|---|---|---|
| 1. | ਬਾਲ ਸੁਰੱਖਿਆ ਅਧਿਕਾਰੀ (ਸੰਗਠਨਾਤਮਕ ਸੰਭਾਲ) | ਰੁ 21,000/ | 1 | **I.** ਸਮਾਜਿਕ ਕੰਮ/ਮਨੋਵਿਗਿਆਨ/ਬਾਲ ਵਿਕਾਸ ਵਿਸ਼ੇ ਵਿੱਚ 55% ਅੰਕਾਂ ਦੇ ਨਾਲ ਮਾਸਟਰ ਡਿਗਰੀ ਪਾਸ ਕੀਤੀ ਹੋਵੇ।<br>**II.** ਐਮ.ਐਸ.ਆਫਿਸ 'ਤੇ ਅਸਾਨੀ ਨਾਲ ਕੰਮ ਕਰਨ ਦੀ ਯੋਗਤਾ(ਵਰਡ,ਐਕਸਲ, ਪਾਵਰ ਪੁਆਇੰਟ, ਇੰਟਰਨੈਟ)।<br>**III.** ਅੰਗਰੇਜ਼ੀ ਵਿੱਚ ਮੁਹਾਰਤ ਅਤੇ ਪੰਜਾਬੀ ਦੀ ਜਾਣਕਾਰੀ<br>**IV.** ਬਾਲ ਸੁਰੱਖਿਆ ਮਾਮਲੇ ਵਿੱਚ ਤਜ਼ਰਬੇਕਾਰ ਨੂੰ ਪਹਿਲ ਦਿੱਤੀ ਜਾਵੇਗੀ। |
| 2. | ਬਾਲ ਸੁਰੱਖਿਆ ਅਧਿਕਾਰੀ (ਗੈਰ – ਸੰਗਠਨਾਤਮਕ ਸੰਭਾਲ) | ਰੁ 21,000/– | 1 | **I.** ਸਮਾਜਿਕ ਕੰਮ/ਮਨੋਵਿਗਿਆਨ/ਬਾਲ ਵਿਕਾਸ ਵਿਸ਼ੇ ਵਿੱਚ 55% ਅੰਕਾਂ ਦੇ ਨਾਲ ਮਾਸਟਰ ਡਿਗਰੀ ਪਾਸ ਕੀਤੀ ਹੋਵੇ।<br>**II.** ਐਮ.ਐਸ.ਆਫਿਸ 'ਤੇ ਅਸਾਨੀ ਨਾਲ ਕੰਮ ਕਰਨ ਦੀ ਯੋਗਤਾ(ਵਰਡ, ਐਕਸਲ, ਪਾਵਰ ਪੁਆਇੰਟ, ਇੰਟਰਨੈਟ)।<br>**III.** ਅੰਗਰੇਜ਼ੀ ਵਿੱਚ ਮੁਹਾਰਤ ਅਤੇ ਪੰਜਾਬੀ ਦੀ ਜਾਣਕਾਰੀ<br>**IV.** ਬਾਲ ਸੁਰੱਖਿਆ ਮਾਮਲੇ ਵਿੱਚ ਤਜ਼ਰਬੇਕਾਰ ਨੂੰ ਪਹਿਲ ਦਿੱਤੀ ਜਾਵੇਗੀ। |

### ਅਰਜ਼ੀ ਫਾਰਮ

ਫੋਟੋ

ਅਸਾਮੀ ਜਿਸ ਲਈ ਅਰਜ਼ੀ.....................................

1. ਨਾਂਅ (ਵੱਡੇ ਅੱਖਰਾਂ ਵਿੱਚ) ..........................
2. ਪਿਤਾ ਦਾ ਨਾਂਅ (ਵੱਡੇ ਅੱਖਰਾਂ ਵਿੱਚ) .......................................
3. ਜਨਮ ਦੀ ਤਰੀਕ (10ਵੀਂ) ਦੇ ਸਰਟੀਫਿਕੇਟ ਦੀ ਸਵੈ–ਤਸਦੀਕ ਕਾਪੀ ਨੱਥੀ ਕਰੋ।
4. ਡਾਕ ਪਤਾ
5. ਪੱਤਰ–ਵਿਹਾਰ ਵਾਸਤੇ ਪਤਾ
6. ਸੰਪਰਕ ਨੰ: ............................ ਈ–ਮੇਲ: .................................
7. ਵਿੱਦਿਅਕ ਯੋਗਤਾ(ਅਕਾਦਮਿਕ/ਤਕਨੀਕੀ)

| ਲੜੀ ਨੰ: | ਯੋਗਤਾ | ਬੋਰਡ/ਯੂਨਿਵਰਸਿਟੀ | ਪਾਸ ਹੋਣ ਦਾ ਸਾਲ | ਵੱਧ ਤੋਂ ਵੱਧ ਅੰਕ | ਪ੍ਰਾਪਤ ਅੰਕ | ਪ੍ਰਤੀਸ਼ਤ % |
|---|---|---|---|---|---|---|
| | | | | | | |

8. ਸਰਕਾਰੀ ਵਿਭਾਗ/ਸੰਸਥਾ ਦਾ ਤਜਰਬਾ

| ਲੜੀ ਨੰ: | ਸੰਗਠਨ ਦਾ ਨਾਮ | ਰੈਗੂਲਰ/ਠੇਕਾ ਆਧਾਰਿਤ/ਵਰਕ ਚਾਰਜ਼ਡ/ਰੋਜ਼ਾਨਾ ਭੱਤਾ | ਅਰਸਾ |
|---|---|---|---|
| | | | |

ਘੋਸ਼ਣਾ :

ਮੈਂ ਇੱਥੇ ਇਹ ਘੋਸ਼ਿਤ ਕਰਦਾ/ਕਰਦੀ ਹਾਂ ਕਿ ਇਸ ਫਾਰਮ ਵਿੱਚ ਮੇਰੇ ਦੁਆਰਾ ਭਰੇ ਗਏ ਵੇਰਵੇ ਮੇਰੀ ਸਮੁੱਚੀ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਬਿਲਕੁਲ ਦਰੁੱਸਤ ਹਨ ਅਤੇ ਜੇਕਰ ਉਹ ਗਲਤ ਪਾਏ ਜਾਂਦੇ ਹਨ ਤਾਂ ਮੇਰੀ ਉਮੀਦਵਾਰਤਾ ਰੱਦ ਕਰ ਦਿੱਤੀ ਜਾਵੇਗੀ।

ਮਿਤੀ:

ਸਥਾਨ:

(ਬਿਨੈਕਾਰ ਦੇ ਹਸਤਾਖਰ)

- ਯੋਗ ਉਮੀਦਵਾਰ ਆਪਣੀ ਅਰਜ਼ੀ ਕੇਵਲ ਰਜਿਸਟਰਡ ਡਾਕ ਰਾਹੀਂ ਮਿਤੀ 09/11/2015 ਸ਼ਾਮ 5:00 ਵਜੇ ਤੱਕ ਹੇਠ ਲਿਖੇ ਪਤੇ ਤੇ ਭੇਜ ਸਕਦੇ ਹਨ।

| ਜ਼ਿਲ੍ਹਾ ਬਾਲ ਸੁਰੱਖਿਆ ਅਫਸਰ | ਪਤਾ |
|---|---|
| ਅੰਮ੍ਰਿਤਸਰ | ਦਫਤਰ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਨੇੜੇ ਮਦਾਨ ਹਸਪਤਾਲ, 24, ਮਜੀਠਾ ਰੋਡ, ਅੰਮ੍ਰਿਤਸਰ। |

- ਤਜ਼ਰਬਾ ਕੇਵਲ ਜ਼ਰੂਰੀ ਵਿੱਦਿਅਕ ਯੋਗਤਾ ਮੁਕੰਮਲ ਕਰਨ ਤੋਂ ਬਾਅਦ ਹੀ ਵਿਚਾਰਿਆ ਜਾਵੇਗਾ

### ਆਮ ਹਦਾਇਤਾਂ:

1. ਨਿਰਧਾਰਤ ਵਿੱਦਿਅਕ ਯੋਗਤਾਵਾਂ ਘੱਟੋ–ਘੱਟ ਹਨ ਅਤੇ ਕੇਵਲ ਇਸ ਦੇ ਬਰਾਬਰ ਵਿੱਦਿਅਕ ਯੋਗਤਾ ਉਮੀਦਵਾਰ ਨੂੰ ਇੰਟਰਵਿਊ ਦੇ ਲਈ ਬੁਲਾਰੇ ਵਾਸਤੇ ਹੱਕਦਾਰ ਨਹੀ ਬਣਾ ਦਿੰਦੀ। ਇਸ ਇਸ਼ਤਿਹਾਰ ਦੇ ਹੁੰਗਾਰੇ ਵਜੋ ਜੇਕਰ ਅਰਜ਼ੀਆਂ ਜ਼ਿਆਦਾ ਗਿਣਤੀ ਵਿੱਚ ਪ੍ਰਾਪਤ ਹੁੰਦੀਆਂ ਹਨ ਤਾਂ ਚੋਣ ਕਮੇਟੀ ਵਿੱਦਿਅਕ ਯੋਗਤਾਵਾਂ ਅਤੇ ਤਜ਼ਰਬੇ ਦੇ ਆਧਾਰ 'ਤੇ ਇੰਟਰਵਿਊ ਲਈ ਉਮੀਦਵਾਰਾਂ ਦੀ ਗਿਣਤੀ ਸੀਮਿਤ ਕਰ ਸਕਦੀ ਹੈ।

2. ਅਸਾਮੀ ਲਈ ਬਿਨੈ ਕਰ ਰਹੇ ਉਮੀਦਵਾਰ ਨੂੰ ਯਕੀਨੀ ਬਣਾਉਣਾ ਹੋਵੇਗਾ ਕਿ ਉਹ ਬਿਨੈਪੱਤਰ ਦੀ ਅੰਤਿਮ ਮਿਤੀ ਤੱਕ ਸਾਰੀਆਂ ਯੋਗਤਾ ਸ਼ਰਤਾਂ ਪੂਰੀਆਂ ਕਰਦਾ ਹੈ। ਜੇਕਰ ਇੰਟਰਵਿਊ ਜਾਂ ਨਿਯੁਕਤੀ ਤੋਂ ਪਹਿਲਾਂ ਜਾਂ ਬਾਅਦ ਕਿਸੇ ਸਮੇਂ 'ਤੇ ਪੜਤਾਲ ਦੌਰਾਨ ਇਹ ਪਾਇਆ ਜਾਂਦਾ ਹੈ ਕਿ ਉਹ ਯੋਗਤਾ ਸ਼ਰਤ ਵਿਚ ਕੋਈ ਵੀ ਇਕ ਸ਼ਰਤ ਪੂਰੀ ਨਹੀਂ ਕਰਦਾ ਜਾਂ ਇਹ ਪਾਇਆ ਜਾਂਦਾ ਹੈ ਕਿ ਉਸ ਦੁਆਰਾ ਪੇਸ਼ ਕੀਤੀ ਜਾਣਕਾਰੀ ਗਲਤ ਜਾਂ ਝੂਠੀ ਹੈ ਤਾਂ ਉਸ ਦੀ ਉਮੀਦਵਾਰੀ/ਚੋਣ ਰੱਦ ਕਰ ਦਿੱਤੀ ਜਾਵੇਗੀ।ਤਜਰਬਾ ਕੇਵਲ ਜ਼ਰੂਰੀ ਯੋਗਤਾ ਪ੍ਰਾਪਤ ਕਰਨ ਤੋਂ ਬਾਅਦ ਹੀ ਵਿਚਾਰਿਆ ਜਾਵੇਗਾ।

3. ਅਰਜ਼ੀ ਫਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਵਿੱਚ ਸ਼ਾਮਿਲ 1) ਸਟੈਂਪ ਆਕਾਰ ਦੀ ਤਸਦੀਕਸ਼ੁਦਾ ਇੱਕ ਤਾਜ਼ਾ ਫੋਟੋ ਅਰਜ਼ੀ ਫਾਰਮ 'ਤੇ ਚਪਕਾਈ ਜਾਵੇ 2) ਜ਼ਰੂਰੀ ਵਿੱਦਿਅਕ ਯੋਗਤਾ ਅਤੇ ਤਜ਼ਰਬੇ ਦੀ ਸਵੈ–ਤਸਦੀਕ ਕੀਤੀਆਂ ਫੋਟੋ ਕਾਪੀਆਂ।

4. ਇਕ ਅਰਜ਼ੀ ਫਾਰਮ ਨੂੰ ਸਰਸਰੀ ਤੌਰ 'ਤੇ ਰੱਦ ਕਰ ਦਿੱਤਾ ਜਾਵੇਗਾ ਜੇਕਰ 1) ਇੱਕ ਉਮੀਦਵਾਰ ਇੱਕ ਵਿਸ਼ੇਸ਼ ਵਰਗ/ਅਸਾਮੀ ਲਈ ਇੱਕ ਤੋਂ ਵੱਧ ਅਰਜ਼ੀ ਦਿੰਦਾ ਹੈ। 2) ਬਿਨ੍ਹਾਂ ਹਸਤਾਖਰ ਜਾਂ ਅਧੂਰੀ ਅਰਜ਼ੀ। 3) ਅਰਜ਼ੀ ਪ੍ਰਾਪਤ ਕੀਤੇ ਜਾਣ ਦੀ ਮਿਤੀ ਦੇ ਬੰਦ ਹੋਣ ਤੋਂ ਬਾਅਦ ਦਫਤਰ ਵਿੱਚ ਪ੍ਰਾਪਤ ਹੋਣਾ , ਵਿਭਾਗ ਡਾਕ ਵਿੱਚ ਦੇਰੀ ਦੇ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 4) ਇੱਕ ਉਮੀਦਵਾਰ ਜੋ ਲੋੜੀਂਦੀ ਅਕਾਦਮਿਕ ਯੋਗਤਾ ਨਹੀਂ ਰੱਖਦਾ ਜਾਂ ਕੱਟ ਆਫ ਡੇਟ ਨੂੰ ਤਜ਼ਰਬਾ ਨਹੀਂ ਰੱਖਦਾ।

5. ਅਰਜ਼ੀਕਰਤਾ ਦੀ ਅਰਜ਼ੀ ਪ੍ਰਾਪਤ ਕਰਨ ਦੀ ਆਖਰੀ ਮਿਤੀ ਨੂੰ ਉਮਰ ਹੱਦ 21-40 ਸਾਲ ਹੈ। ਅਰਜ਼ੀ ਪ੍ਰਾਪਤ ਕਰਨ ਦੀ ਆਖਰੀ ਮਿਤੀ ਤੋ ਉਮਰ ਨੂੰ ਵਿਚਾਰਿਆ ਜਾਵੇਗਾ ।

6. ਉਪਰੋਕਤ ਅਸਾਮੀਆਂ ਕੇਵਲ ਠੇਕੇ ਦੇ ਆਧਾਰ ਤੇ ਹਨ। ਹਰੇਕ ਉਮੀਦਵਾਰ ਨੂੰ ਤਿੰਨ ਸਾਲ ਦਾ ਠੇਕਾ ਕਰਨਾ ਹੋਵੇਗਾ ਜੋ ਅਧਿਕਾਰੀਆਂ ਦੀਆਂ ਪ੍ਰਦਰਸ਼ਨ ਸਬੰਧੀ ਰਿਪੋਰਟਾਂ ਦੇ ਆਧਾਰ 'ਤੇ ਦੋ ਸਾਲ ਵਧਾਉਣਯੋਗ ਹੋਵੇਗਾ।

7. ਅਯੋਗ ਉਮੀਦਵਾਰਾਂ ਨੂੰ ਕਿਸੇ ਤਰ੍ਹਾਂ ਦੀ ਸੂਚਨਾ ਨਹੀਂ ਦਿੱਤੀ ਜਾਵੇਗੀ।

8. ਵਿਭਾਗ ਅਧੀਨ ਆਸ਼ਰਮਾਂ ਵਿੱਚ ਰਹਿ ਰਹੀਆਂ ਔਰਤਾਂ ਅਤੇ ਇਸ ਕਿਸਮ ਦੀ ਔਰਤਾਂ ਦੇ ਬੱਚਿਆਂ ਨੂੰ ਪਹਿਲ ਦਿੱਤੀ ਜਾਵੇਗੀ।

9. ਯੋਗ ਉਮੀਦਵਾਰਾਂ ਨੂੰ ਇੰਟਰਵਿਊ ਦੀ ਮਿਤੀ ਦੀ ਜਾਣਕਾਰੀ ਰਜਿਸਟਰਡ ਪੱਤਰ ਰਾਹੀਂ ਭੇਜੀ ਜਾਵੇਗੀ ਅਤੇ ਇੰਟਰਵਿਊ ਲਈ ਕੋਈ ਟੀ.ਏ/ਡੀ.ਏ ਨਹੀਂ ਦਿੱਤਾ ਜਾਵੇਗਾ।

–ਸਹੀ–
ਡਿਪਟੀ ਕਮਿਸ਼ਨਰ–ਕਮ–ਚੇਅਰਮੈਨ
ਸਿਲੈਕਸ਼ਨ ਕਮੇਟੀ
ਜ਼ਿਲ੍ਹਾ ਬਾਲ ਸੁਰੱਖਿਆ ਸੁਸਾਇਟੀ, ਅੰਮ੍ਰਿਤਸਰ।